Alberta

**ਨਿਊਜ਼** ਰਿਲੀਜ਼

# ਇੱਕ ਆਧੁਨਿਕ ਅਤੇ ਵਿਵਿਧ ਅਲਬਰਟਾ ਲਈ ਪੁਲਿਸ ਸੰਬੰਧੀ ਸੁਧਾਰ

08 ਦਸੰਬਰ, 2022

## ਅਲਬਰਟਾ ਦੀ ਸਰਕਾਰ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਪੁਲਿਸ ਉਹਨਾਂ ਭਾਈਚਾਰਿਆਂ ਪ੍ਰਤੀ ਵਧੇਰੇ ਜਵਾਬਦੇਹ ਅਤੇ ਵਧੇਰੇ ਪ੍ਰਤਿਕਿਰਿਆਸ਼ੀਲ ਹੋਵੇ ਜਿਨ੍ਹਾਂ ਨੂੰ ਉਹ ਸੇਵਾ ਦਿੰਦੇ ਹਨ।

ਪੁਲਿਸ ਨੂੰ ਉਨ੍ਹਾਂ ਦੇ ਭਾਈਚਾਰਿਆਂ ਪ੍ਰਤੀ ਵਧੇਰੇ ਜਵਾਬਦੇਹ ਬਣਾ ਕੇ ਜਨਤਕ ਵਿਸ਼ਵਾਸ ਬਣਾਉਣ ਨਾਲ ਜਨਤਾ ਨੂੰ ਸੁਰੱਖਿਅਤ ਰੱਖਣ ਵਿੱਚ ਸਹਾਇਤਾ ਮਿਲੇਗੀ।

ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ *ਪੁਲਿਸ ਸੋਧ ਅਧਿਨਿਯਮ (Police Amendment Act)* ਪੁਲਿਸ ਵਿਰੁੱਧ ਸ਼ਿਕਾਇਤਾਂ ਨੂੰ ਸੰਭਾਲਣ ਲਈ ਇੱਕ ਸੁਤੰਤਰ ਏਜੰਸੀ, ਪੁਲਿਸ ਰੀਵਿਊ ਕਮਿਸ਼ਨ (Police Review Commission) ਦੀ ਸਥਾਪਨਾ ਕਰੇਗਾ ਤਾਂ ਜੋ ਅਲਬਰਟਾ ਵਾਸੀਆਂ ਨੂੰ ਵਧੇਰੇ ਵਿਸ਼ਵਾਸ ਹੋ ਸਕੇ ਕਿ ਪੁਲਿਸ ਹੁਣ ਪੁਲਿਸ ਦੀ ਜਾਂਚ ਨਹੀਂ ਕਰ ਰਹੀ ਹੈ।

ਇਹ ਪ੍ਰਸਤਾਵ - ਜੋ 34 ਸਾਲਾਂ ਵਿੱਚ *ਪੁਲਿਸ ਐਕਟ* ਦੇ ਪਹਿਲੇ ਵੱਡੇ ਸੁਧਾਰ ਦਾ ਇੱਕ ਹਿੱਸਾ ਹੈ - ਲੋਕਾਂ ਦੇ ਵਿਸ਼ਵਾਸ ਵਿੱਚ ਸੁਧਾਰ ਕਰੇਗਾ, ਅਲਬਰਟਾ ਵਾਸੀਆਂ ਲਈ ਰੁਕਾਵਟਾਂ ਨੂੰ ਘਟਾਏਗਾ ਅਤੇ ਸ਼ਿਕਾਇਤਾਂ ਨੂੰ ਜਲਦੀ ਨਾਲ ਹੱਲ ਕਰਨਾ ਸੰਭਵ ਬਣਾਏਗਾ।

ਇਹ ਕਾਨੂੰਨ RCMP ਦੁਆਰਾ ਪੁਲਿਸ ਦੀ ਸੇਵਾ ਹਾਸਲ ਕਰਨ ਵਾਲੇ ਸਾਰੇ ਅਲਬਰਟਾ ਅਧਿਕਾਰ ਖੇਤਰਾਂ ਵਿੱਚ ਰਸਮੀ ਨਾਗਰਿਕ ਸੰਸਥਾਵਾਂ ਦੀ ਸਥਾਪਨਾ ਕਰਕੇ ਵਧੇਰੇ ਜਨਤਕ ਨਿਗਰਾਨੀ ਵੀ ਪੈਦਾ ਕਰੇਗਾ, ਇਹ ਉਹਨਾਂ ਭਾਈਚਾਰਿਆਂ ਦੀ ਲੰਬੇ ਸਮੇਂ ਤੋਂ ਚੱਲਦੀ ਆ ਰਹੀ ਪੁਲਿਸ ਦੇ ਕੰਮ ਲਈ ਤਰਜੀਹਾਂ ਨਿਰਧਾਰਤ ਕਰਨ ਵਿੱਚ ਇੱਕ ਮਜ਼ਬੂਤ ਭੂਮਿਕਾ ਦੀ ਇੱਛਾ ਦੇ ਜਵਾਬ ਵਿੱਚ ਹੈ।

ਪ੍ਰਸਤਾਵਿਤ ਸੁਧਾਰ ਪੁਲਿਸ ਨੂੰ ਨਵੇਂ ਸਿਰੇ ਤੋਂ ਭਾਈਚਾਰੇ ਦੇ ਇੱਕ ਜਵਾਬਦੇਹ ਵਿਸਤਾਰ ਦੇ ਰੂਪ ਵਿੱਚ ਮੁੜ ਕਲਪਨਾ ਵੀ ਕਰਦੇ ਹਨ। ਨਵੇਂ ਕਾਨੂੰਨ ਦੇ ਤਹਿਤ, ਪੁਲਿਸ ਨੂੰ ਉਹਨਾਂ ਭਾਈਵਾਲ ਸੰਸਥਾਵਾਂ ਦੇ ਸਹਿਯੋਗ ਨਾਲ ਭਾਈਚਾਰਕ ਸੁਰੱਖਿਆ ਯੋਜਨਾਵਾਂ ਵਿਕਸਿਤ ਕਰਨ ਦੀ ਲੋੜ ਹੋਵੇਗੀ ਜੋ ਅਪਰਾਧ ਦੀ ਰੋਕਥਾਮ ਅਤੇ

ਲਾਗੂ ਕਰਨ ਦੇ ਵਿਕਲਪਾਂ ਜਿਵੇਂ ਕਿ ਨਸ਼ਾ ਮੁਕਤੀ ਦੇ ਇਲਾਜ, ਰਿਹਾਇਸ਼ ਅਤੇ ਰੁਜ਼ਗਾਰ ਸਹਾਇਤਾ 'ਤੇ ਧਿਆਨ ਕੇਂਦਰਤ ਕਰਦੇ ਹਨ।

ਭਾਈਚਾਰਕ ਪ੍ਰਤਿਕਿਰਿਆ ਦੇ ਹਿੱਸੇ ਵਜੋਂ, ਪੁਲਿਸ ਨੂੰ ਵਿਵਿਧਤਾ ਅਤੇ ਸ਼ਮੂਲੀਅਤ ਯੋਜਨਾਵਾਂ ਵਿਕਸਿਤ ਕਰਨ ਦੀ ਵੀ ਲੋੜ ਹੋਵੇਗੀ ਤਾਂ ਜੋ ਉਹ ਉਨ੍ਹਾਂ ਦੁਆਰਾ ਸੇਵਾ ਪ੍ਰਦਾਨ ਕੀਤੇ ਜਾ ਰਹੇ ਵਿਵਿਧ ਅਤੇ ਵੱਖਰੇ ਭਾਈਚਾਰਿਆਂ ਨੂੰ ਪ੍ਰਤਿਬਿੰਬਤ ਕਰਨ ਅਤੇ ਸਥਾਨਕ ਭਾਈਚਾਰੇ ਦੀਆਂ ਲੋੜਾਂ ਨੂੰ ਬਿਹਤਰ ਤਰੀਕੇ ਨਾਲ ਸਮਝਣ।

ਸੋਧਾਂ ਇਹ ਵੀ ਯਕੀਨੀ ਬਣਾਉਣਗੀਆਂ ਕਿ ਕਾਨੂੰਨ ਲਾਗੂ ਕਰਨ ਦੀ ਸ਼ਮੂਲੀਅਤ ਵਾਲੀ ਹਰੇਕ ਮੌਤ ਅਤੇ ਗੰਭੀਰ ਸੱਟ ਦੀ ਸੁਤੰਤਰ ਅਤੇ ਨਿਰੰਤਰ ਜਾਂਚ ਕੀਤੀ ਜਾਵੇ। ਇਹ ਸੂਬੇ ਅਤੇ ਮਿਉਂਸੀਪਲਟੀਆਂ ਦੁਆਰਾ ਨਿਯੁਕਤ ਸ਼ਾਂਤੀ ਆਫਿਸਰਾਂ (ਪੀਸ ਆਫਿਸਰਾਂ) ਦੀ ਸ਼ਮੂਲੀਅਤ ਵਾਲੇ ਕੇਸਾਂ ਨੂੰ ਸ਼ਾਮਲ ਕਰਨ ਲਈ ਅਲਬਰਟਾ ਸੀਰੀਅਸ ਇੰਸੀਡੈਂਟ ਰਿਸਪਾਂਸ ਟੀਮ (ASIRT) ਦੇ ਅਧਿਕਾਰ ਦਾ ਵਿਸਤਾਰ ਕਰਕੇ ਪ੍ਰਾਪਤ ਕੀਤਾ ਜਾਵੇਗਾ।

ਪਾਰਦਰਸ਼ਤਾ ਨੂੰ ਵਧਾਉਣ ਅਤੇ ਜਨਤਕ ਵਿਸ਼ਵਾਸ ਨੂੰ ਉਤਸ਼ਾਹਿਤ ਕਰਨ ਲਈ, ਪ੍ਰਸਤਾਵਿਤ ਨਵਾਂ ਅਧਿਨਿਯਮ ਪੁਲਿਸ ਵਿਰੁੱਧ ਸ਼ਿਕਾਇਤਾਂ ਦੀਆਂ ਮਿਆਰੀ ਸ਼੍ਰੇਣੀਆਂ ਬਣਾਉਂਦਾ ਹੈ। ਇਹ ਇਸ ਲਈ ਇਕਸਾਰ ਢਾਂਚਾ ਸਥਾਪਿਤ ਕਰੇਗਾ ਕਿ ਨਵੀਂ ਸੁਤੰਤਰ ਨਿਗਰਾਨੀ ਏਜੰਸੀ ਸ਼ਿਕਾਇਤਾਂ ਨੂੰ ਕਿਵੇਂ ਦਰਜਾਬੱਧ ਕਰਦੀ ਹੈ ਅਤੇ ਪ੍ਰਕਿਰਿਆ ਬਾਰੇ ਜਨਤਾ ਦੀ ਸਮਝ ਵਿੱਚ ਸੁਧਾਰ ਲਿਆਏਗਾ।

ਇਹਨਾਂ ਸੁਧਾਰਾਂ ਬਾਰੇ ਵਾਧੂ ਜਾਣਕਾਰੀ ਅਤੇ ਪ੍ਰਸਤਾਵਿਤ ਤਬਦੀਲੀਆਂ ਦੀ ਇੱਕ ਹੋਰ ਵਿਸਤ੍ਰਿਤ ਸੂਚੀ ਤੱਥ ਪੱਤਰ ਵਿੱਚ ਉਪਲਬਧ ਹੈ।

## ਫੌਰੀ ਤੱਥ

- 2018 ਤੋਂ ਸ਼ੁਰੂ ਕਰਦੇ ਹੋਏ, ਇੱਕ ਵਿਆਪਕ ਹਿੱਤਧਾਰਕ ਜੁੜਾਵ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਾਨੂੰਨ ਲਾਗੂ ਕਰਨ, ਸਿਹਤ ਅਤੇ ਸਮਾਜਿਕ ਸੇਵਾਵਾਂ ਦੇ ਖੇਤਰਾਂ, ਮਿਉਂਸੀਪਲਟੀਆਂ, ਆਦਿਵਾਸੀ ਸੰਸਥਾਵਾਂ ਅਤੇ ਨਸਲੀ ਅਤੇ ਵਿਵਿਧ ਭਾਈਚਾਰਿਆਂ ਦੀ ਨੁਮਾਇੰਦਗੀ ਕਰਨ ਵਾਲੀਆਂ ਲਗਭਗ 200 ਸੰਸਥਾਵਾਂ ਨਾਲ ਮੀਟਿੰਗਾਂ ਸ਼ਾਮਲ ਹਨ।
- ਲਗਭਗ 15,000 ਅਲਬਰਟਾ ਵਾਸੀਆਂ ਨੇ ਇੱਕ ਜਨਤਕ ਸਰਵੇਖਣ ਪੂਰਾ ਕੀਤਾ ਜਿਸ ਵਿੱਚ ਕਾਨੂੰਨ ਲਾਗੂ ਕਰਨ ਨਾਲ ਸੰਬੰਧਿਤ ਕਈ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਸੀ, ਜਿਵੇਂ ਕਿ ਭਾਈਚਾਰੇ ਵਿੱਚ ਪੁਲਿਸ ਦੀ ਭੂਮਿਕਾ।
- ਇੱਕ ਸਰਵੇਖਣ ਕਾਨੂੰਨ ਲਾਗੂ ਕਰਨ ਵਾਲੇ ਭਾਈਚਾਰੇ ਨੂੰ ਵੀ ਭੇਜਿਆ ਗਿਆ ਸੀ ਅਤੇ ਲਗਭਗ 1,500 ਜਵਾਬ ਪ੍ਰਾਪਤ ਹੋਏ ਸਨ।

## ਸੰਬੰਧਿਤ ਜਾਣਕਾਰੀ

- ਪਬਲਿਕ ਦਾ ਆਧੁਨਿਕੀਕਰਨ ਅਧਿਨਿਯਮ (Modernizing the Police Act)
- ਪੁਲਿਸ ਸੋਧ ਐਕਟ ਤੱਥ ਸ਼ੀਟ (Police Amendment Act fact sheet)
- *ਬਿਲ 6: ਪੁਲਿਸ ਸੋਧ ਐਕਟ, 2022*

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਦੇਖੋ
- ਨਿਊਜ਼ ਕਾਨਫਰੰਸ ਨੂੰ ਸੁਣੋ